**ਨਰਮੇ-ਕਪਾਹ ਦੀ ਫ਼ਸਲ ਲਈ ਸਿਫ਼ਾਰਸ ਨੰ: 8/2016**

# ਆਈ.ਸੀ.ਏ.ਆਰ ਭਾਰਤੀ ਖੇਤੀਬਾੜੀ ਖੋਜ਼ ਸੰਸਥਾ

## ਨਰਮੇ ਕਪਾਹ ਦੀ ਫ਼ਸਲ ਲਈ (18 ਤੋਂ 24 ਜੁਲਾਈ) ਹਫ਼ਤੇ ਦੀਆਂ ਸਿਫ਼ਾਰਸਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| | ਮੀਂਹ (ਮਿ.ਮੀ.) ਜੁਲਾਈ | | | | | | | | | | | | | | |
|---|---|---|---|---|---|---|---|---|---|---|---|---|---|---|---|
| | ਮੀਂਹ ਪਇਆ | | | | | | | | ਮੀਂਹ ਦੀ ਸੰਭਾਵਨਾ | | | | | ਸਲਾਹ |
| ਮਿਤੀ | 7-13 ਜੁਲਾਈ | 12 | 13 | 14 | 15 | 16 | 17 | 18 | 19 | 20 | 21 | 22 | 23 | 24 | |
| **ਪੰਜਾਬ** | | | | | | | | | | | | | | | ਪੰਜਾਬ ਪ੍ਰਾਂਤ ਵਿੱਚ ਨਰਮਾ-ਕਪਾਹ ਦੀ ਫ਼ਸਲ ਆਪਣੀ ਮੁੱਢਲੀ (60-80 ਦਿਨ) ਅਤੇ ਟੀਡੇ ਲੱਗਣ ਦੀ ਸੁਰੂਆਤੀ ਅਵਸਥਾਂ ਵਿੱਚ ਹੈ।ਨਰਮਾ ਕਪਾਹ ਦੇ ਖੇਤਾਂ ਵਿੱਚ ਨਦੀਨਾਂ ਨੂੰ ਖਾਤਮੇ ਲਈ ਗੋਡਾਈ ਦਾ ਕੰਮ ਚੱਲ ਰਿਹਾ ਹੈ।ਨਰਮਾ-ਕਪਾਹ ਦੀ ਫ਼ਸਲ ਤੇ ਔਸਤਨ ਚਿੱਟੀ ਮੱਖੀ ਜਿਵੇ ਕਿ ਪਿੰਡ ਮਚਾਕੀ ਵਿੱਚ 3.8, ਕਿੰਗਰਾਂ ਵਿੱਚ 3.7, ਖੈਰਾ ਵਿੱਚ 12.26, ਚੈਨਾ ਵਿੱਚ 3.4, ਕੋਠੇ ਚੰਦ ਸਿੰਘ ਵਾਲੇ 1.9, ਸੇਢਾ ਸਿੰਘ ਵਾਲਾ ਵਿੱਚ 10.70, ਅਜੀਤ ਗਿੱਲ ਵਿੱਚ 3.7 ਅਤੇ ਬਾਜਾਖਾਨਾ ਵਿੱਚ 6.6 ਅਤੇ ਹਰਾ ਤੇਲਾ 3.5 ਪ੍ਰਤੀ ਪੱਤਾ ਪਾਇਆ ਗਿਆ ਹੈ।ਨਰਮਾ-ਕਪਾਹ ਦੀ ਫ਼ਸਲ ਅਤੇ ਨਦੀਨਾਂ ਉੱਤੇ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਨਾ ਚਾਹੀਦਾ ਹੈ ਅਤੇ ਖੇਤਾਂ ਦੇ ਵੱਟ ਬੰਨਿਆਂ ਤੇ ਨਦੀਨਾਂ ਨੂੰ ਖਤਮ ਕਰਨਾ ਚਾਹੀਦਾ ਹੈ।ਚਿੱਟੀ ਮੱਖੀ ਦੇ ਬਦਲਵੇ ਬੂਟੇ ਜਿਵੇ ਕਿ ਬੈਗੰਣ, ਟਮਾਟਰ, ਭਿੰਡੀ, ਮੂੰਗੀ, ਮਾਂਹ ਅਤੇ ਗੁਆਰ ਆਦਿ ਤੇ ਚਿੱਟੀ ਮੱਖੀ ਦਾ ਹਮਲਾ ਦੇਖਿਆ ਗਿਆ ਹੈ।ਚਿੱਟੀ ਮੱਖੀ ਦੀ ਸਮੇ ਸਿਰ ਸੰਭਾਲ ਲਈ ਚਿੱਟੀ ਮੱਖੀ ਦੇ ਇਹਨਾਂ ਬਦਲਵੇ ਬੂਟਿਆਂ ਦਾ ਲਗਾਤਾਰ ਸਰਵੇਖਣ ਕਰਨਾ ਚਾਹੀਦਾ ਹੈ।ਹਰੇ ਤੇਲੇ ਦੀ ਰੋਕਥਾਮ ਲਈ ਥਾਇਓਮੀਥੋਕਸਮ 25 ਡਬਲਯੂ .ਜੀ ਨੂੰ 40 ਗ੍ਰਾਮ ਜਾਂ ਉਲਾਲਾ 50 ਡਬਲਯੂ.ਜੀ ਨੂੰ 80 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।ਸਿੰਚਾਈ ਤੋ ਬਾਅਦ, ਯੂਰੀਆਂ ਦੀ ਅੱਧੀ ਕਿਸ਼ਤ, ਬੀ.ਟੀ. ਹਾਈਬ੍ਰਿਡ ਲਈ 65 ਕਿਲੋ ਅਤੇ ਨਾਨ ਬੀ.ਟੀ. ਕਿਸਮਾਂ ਲਈ 30-35 ਕਿਲੋ ਦਿਉ।ਸਿਰਸਾ ਵਿੱਚ ਨਰਮਾ-ਕਪਾਹ ਦੀ ਫ਼ਸਲ (60-70 ਦਿਨ) ਆਪਣੀ ਮੁੱਢਲੀ, ਫੁੱਲ-ਡੋਡੀ ਅਤੇ ਟੀਡੇ ਲੱਗਣ ਦੀ ਅਵਸਥਾ ਵਿੱਚ ਹੈ।ਨਰਮੇ ਦੇ ਖੇਤਾਂ ਵਿੱਚ ਗੋਡਾਈ, ਕੱਖ ਮਾਰਨਾ ਅਤੇ ਟਰੈਕਟਰ ਰਾਂਹੀ ਕਪਾਹ-ਨਰਮੇ ਦੀ ਫ਼ਸਲ ਦੀ ਸੀਲਿੰਗ ਦਾ ਕੰਮ ਚੱਲ ਰਿਹਾ ਹੈ।ਕਪਾਹ ਦੇ ਖੇਤਾਂ ਦੇ ਵੱਟ |
| ਬਠਿੰਡਾ | 38 | 0 | 0 | 0 | 4.6 | 0 | 16.3 | 3 | 0 | 3 | 0 | 0 | 11 | 3 | |
| ਫਿਰੋਜ਼ਪੁਰ | 6.2 | 0.7 | 0 | 0 | 0 | 0 | 18 | 4 | 0 | 0 | 0 | 0 | 11 | 6 | |
| ਮੁਕਤਸਰ | 31.2 | 0 | 0 | 0 | 0 | 0 | 0 | 47 | 0 | 3 | 0 | 0 | 7 | 6 | |
| ਮਾਨਸਾ | 30.4 | 0 | 0 | 0 | 0 | 16.2 | 34.2 | 7.6 | 0 | 5 | 0 | 0 | 4 | 12 | |
| **ਹਰਿਆਣਾ** | | | | | | | | | | | | | | | |
| ਸਿਰਸਾ | 0 | 0 | 0 | 0 | 0 | 0 | 0.8 | 1 | 0 | 4 | 0 | 0 | 0 | 14 | |
| ਹਿਸਾਰ | 2.9 | 0 | 0 | 0 | 6.4 | 9.1 | 11.1 | 10.6 | 11.5 | 0 | 0 | 0 | 3 | 38 | |
| ਫਤਿਆਬਾਦ | 11 | 0 | 0 | 0 | 1 | 19.7 | 5 | 4.7 | 3.3 | 3 | 0 | 0 | 5 | 23 | |
| **ਰਾਜਸਥਾਨ** | | | | | | | | | | | | | | | |
| ਹੰਨੂਮਾਨਗੜ੍ਹ | 5.7 | 0 | 0 | 0 | 2.9 | 4.4 | 2.3 | 0.6 | 10 | 1 | 2 | 1 | 1 | 3 | |
| ਸ੍ਰੀ ਗੰਗਾਨਗਰ | 2.3 | 0 | 0.1 | 0 | 0.9 | 1 | 0.3 | 0 | 0.4 | 1 | 2 | 1 | 1 | 3 | |
| ਬਾਂਸਵਾੜਾ | 153.6 | 44.6 | 73.1 | 4.9 | 0.6 | 8 | 2.6 | 1.3 | 11.6 | 1 | 1 | 2 | 2 | 2 | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | ਬੰਨਿਆਂ ਅਤੇ ਨਾਲ ਲੱਗਦੀਆਂ ਜਗਾਵਾਂ ਵਿੱਚ ਨਦੀਨ ਪਾਏ ਗਏ ਹਨ।ਪਿਛਲੇ ਹਫ਼ਤੇ, ਮੀਹ ਦੇ ਕਾਰਨ ਚਿੱਟੀ ਮੱਖੀ ਦੀ ਗਿਣਤੀ ਪਹਿਲਾਂ ਨਾਲ ਘੱਟ ਪਾਈ ਗਈ ਹੈ।ਨਰਮਾਂ ਕਪਾਹ ਦੀ ਫ਼ਸਲ ਵਿੱਚ ਚਿੱਟੀ ਮੱਖੀ ਦੀ ਗਿਣਤੀ ਆਰ.ਸੀ.ਐੱਚ. 650 ਬੀ.ਜੀ.2 ਉੱਤੇ 7-17 ਪ੍ਰਤੀ ਪੱਤਾ (ਔਸਤਨ 11.1 ਪ੍ਰਤੀ ਤਿੰਨ ਪੱਤਾ), ਐਚ.ਐਸ.6 (ਰੇਜ਼ 10-20 ਅਤੇ ਔਸਤਨ 15.2 ਪ੍ਰਤੀ ਤਿੰਨ ਪੱਤਾ), ਗੰਗਾਨਗਰ ਅਗੇਤੀ (ਰੇਜ਼ 8-16 ਅਤੇ ਔਸਤਨ 11.40 ਪ੍ਰਤੀ ਤਿੰਨ ਪੱਤਾ),ਅਤੇ ਆਰ.ਐਸ. 2013 (ਰੇਜ਼ 7-14 ਅਤੇ ਔਸਤਨ 11.2 ਪ੍ਰਤੀ ਤਿੰਨ ਪੱਤਾ) ਪਾਈ ਗਈ ਹੈ।ਸਿਰਸਾ ਵਿੱਚ ਕਿਸਾਨ ਵੀਰਾਂ ਦੇ ਖੇਤਾਂ ਵਿੱਚ ਨਰਮਾ ਕਪਾਹ ਉਤੇ ਚਿੱਟੀ ਮੱਖੀ 1-12 ਪ੍ਰਤੀ ਤਿੰਨ ਪੱਤਾ ਪਾਈ ਗਈ ਹੈ।ਕਿਸਾਨਾਂ ਵੀਰਾਂ ਦੇ ਖੇਤਾਂ ਵਿੱਚ ਕੁੱਝ ਜਗਾਂਵਾਂ ਤੇ ਧਰਤੀ ਦੇ ਕੋਲ ਤਣਾਂ ਕਾਲਾ ਅਤੇ ਜੜ੍ਹ ਗਲਨ ਦਾ ਰੋਗ ਦੇਖਿਆ ਗਿਆ ਹੈ।ਕਿਸਾਨ ਵੀਰਾਂ ਦੇ ਖੇਤਾਂ ਵਿੱਚ ਨਰਮਾ ਕਪਾਹ ਦੀ ਫ਼ਸਲ ਵਿੱਚ ਪੱਤਾ ਮਰੋੜ ਵਿਸ਼ਾਣੂ ਰੋਗ ਦਾ ਹਮਲਾ ਵੀ ਵੇਖਿਆ ਗਿਆ ਹੈ।ਕਿਸਾਨਾਂ ਵੀਰਾਂ ਨੂੰ ਨਰਮਾ-ਕਪਾਹ ਦੀ ਫ਼ਸਲ ਨੂੰ ਕੀੜਿਆਂ ਤੋ ਬਚਾਅ ਲਈ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਿੰਨੂ ਬਾਗ ਦੇ ਨਾਲ ਲਗਦੇ ਨਰਮੇ ਕਪਾਹ ਦੇ ਖੇਤਾਂ ਵਿੱਚ ਬਹੁਤ ਸੁਚੱਜੇ ਢੰਗ ਨਾਲ ਸਰਵੇਖਣ ਕਰਨ ਦੀ ਸਲਾਹ ਦਿੱਤੀ ਗਈ ਹੈ।ਨੁਕਸਾਨੀ ਆਰਥਿਕ ਕਰਾਰ ਤੱਕ ਪਹੁੰਚ ਚੁੱਕੇ ਨਰਮਾ ਕਪਾਹ ਦੇ ਖੇਤਾਂ ਵਿੱਚ ਨਿੰਮ ਤੇ ਅਧਾਰਿਤ ਸਪਰੇਅ ਦੇ ਛਿੜਕਾਅ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਪਾਹ ਦੇ ਖੇਤਾਂ ਦੇ ਬੰਨ ਵੱਟਿਆਂ ਅਤੇ ਨਾਲ ਲੱਗਦੀਆਂ ਜਗਾਂਵਾਂ ਵਿੱਚ ਨਦੀਨਾਂ ਨੂੰ ਪੁੱਟਣ ਦੀ ਸਲਾਹ ਦਿੱਤੀ ਗਈ ਹੈ।ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਿੱਥੇ ਨਰਮਾ-ਕਪਾਹ ਦੀ ਫ਼ਸਲ ਆਪਣੀ ਟੀਡੇ ਲੱਗਣ ਦੀ ਸੁਰੂਆਤੀ ਅਵਸਥਾ ਵਿੱਚ ਹੈ ਉੱਥੇ ਨਾਈਟ੍ਰੋਜਨ ਖਾਦ ਅਤੇ ਪੋਟਾਸੀਅਮ ਨਾਈਟ੍ਰੇਟ (13:0:45) ਨੂੰ 2 ਕਿਲੋਗ੍ਰਾਮ ਪ੍ਰਤੀ ਏਕੜ 700 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ।ਹਰਿਆਣਾ ਵਿੱਚ, ਨਰਮਾ ਕਪਾਹ ਦੀ ਫ਼ਸਲ ਆਪਣੀ ਮੁੱਢਲੀ ਅਵਸਥਾ ਵਿੱਚ ਹੈ।ਨਰਮਾ ਕਪਾਹ ਦੇ ਖੇਤਾਂ ਵਿੱਚ ਗੋਡਾਈ ਦਾ ਕੰਮ ਚੱਲ ਰਿਹਾ ਹੈ ਅਤੇ ਕਿਸੇ ਤਰ੍ਹਾਂ ਦੇ ਨਦੀਨ ਦਾ ਹਮਲਾ ਨਹੀ ਪਾਇਆ ਗਿਆ ਹੈ।ਨਰਮਾ-ਕਪਾਹ ਦੀ ਫ਼ਸਲ ਵਿੱਚ ਸਪਰੇਅ ਦੇ ਦੌਰਾਨ ਪੱਤਿਆਂ ਦੀ ਹੇਠਲੀ ਸਤ੍ਹਾਂ ਨੂੰ ਚੰਗੀ ਤਰ੍ਹਾਂ ਛਿੜਕਾਅ ਕਰਨ ਨਾਲ ਨਰਮਾ-ਕਪਾਹ ਦੇ ਕੀੜੇ ਦੀ ਗਿਣਤੀ ਘੱਟ ਜਾਂਦੀ ਹੈ।ਨਰਮਾ-ਕਪਾਹ ਦੀ ਫ਼ਸਲ ਵਿੱਚ ਹਰੇ ਤੇਲੇ ਦੇ ਹਮਲੇ ਇਮਾਡਾਕਲੋਪਰਿਡ (7.8 ਐਸ.ਐਲ ਜਾਂ 40 ਗ੍ਰਾਮ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | ਥਾਇਓਮੀਥੋਕਮਿਨ 25 ਡਬਲਯੂ. ਜੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ।ਜੇਕਰ ਚਿੱਟੀ ਮੱਖੀ ਦੀ ਗਿਣਤੀ (6-8 ਪ੍ਰਤੀ ਤਿੰਨ ਪੱਤਾ ਤੋ ਵੱਧ) ਹੈ ਤਾਂ ਪਹਿਲੀ ਸਪਰੇਅ ਨਿੰਮਾਬੀਸੀਡੀਨ 1 ਅਚੂਕ ਨੂੰ 1 ਲਿਟਰ ਪ੍ਰਤੀ ਏਕੜ ਨਾਲ ਛਿੜਕਾਅ ਕਰਨਾ ਚਾਹੀਦਾ ਹੈ।ਦੇਸੀ ਕਪਾਹ ਵਿੱਚ ਚਿਤਕਬਰਾਂ ਸੁੰਡੀ ਦੇ ਹਮਲੇ ਦੌਰਾਨ 600 ਮਿਲੀਲਿਟਰ ਕਿਊਨਲਫਾਂਸ 25 ਈ.ਸੀ. ਜਾਂ 600 ਮਿਲੀਲਿਟਰ ਪਰੋਫੀਫਾਂਸ 50 ਈ.ਸੀ. ਜਾਂ 75 ਐਮ.ਐਲ. ਸਪਾਟੀਨੋਸੈਡ 45 ਐਸ.ਸੀ ਨੂੰ 200 ਲਿਟਰ ਪਾਣੀ ਪ੍ਰਤੀ ਏਕੜ ਨਾਲ ਛਿੜਕਾਅ ਕਰਨਾ ਚਾਹੀਦਾ ਹੈ।ਜਿਵੇ ਹੀ ਜੜ੍ਹ ਗਲ੍ਹਨ ਦੇ ਰੋਗ ਦੀ ਸ਼ਿਕਾਇਤ ਦਾ ਪਤਾ ਲੱਗਦਾ ਹੈ ਉਦੋ ਹੀ ਉਸਦੇ ਆਲੇ-ਦੁਆਲੇ ਦੇ 1 ਮੀਟਰ ਘੇਰੇ ਵਿਚਲੇ ਪੌਦਿਆਂ ਉਤੇ ਕਾਰਬਿਨਡਾਜੀਨ ਨੂੰ 2 ਪ੍ਰਤੀਸ਼ਤ ਦੇ ਹਿਸਾਬ ਨਾਲ ਛਿੜਕਾਅ ਕਰੋ।ਪੱਤਿਆਂ ਦੀ ਬਿਮਾਰੀਆਂ ਦੀ ਰੋਕਥਾਮ ਲਈ ਸਟਰਿਪਟੋਮਾਈਸੀਨ ਸਲਫੇਟ (6-8 ਗ੍ਰਾਮ) ਅਤੇ ਕਾਪਰ ਆਕਸੀਕਲੋਰਾਈਡ (600-800 ਗ੍ਰਾਮ) ਦੇ ਮਿਸ਼ਰਣ ਦਾ 200-250 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 3-4 ਬਾਰ 15 ਦਿਨਾਂ ਦੇ ਵਕਫੇ ਦੇ ਫ਼ਸਲ ਦੇ ਛਿੜਕਾਅ ਕਰੋ।ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੀੜੇ-ਮਕੌੜੇ ਅਤੇ ਬਿਮਾਰੀਆਂ ਲਈ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ।ਸ੍ਰੀ ਗੰਗਾਨਗਰ, ਵਿਖੇ ਨਰਮਾ-ਕਪਾਹ ਦੀ ਫ਼ਸਲ ਆਪਣੀ ਮੁੱਢਲੀ ਅਤੇ ਫੁੱਲ-ਡੋਡੀ ਬਣਾਉਣ ਵਾਲੀ ਅਵੱਸਥਾ ਵਿੱਚ ਹੈ। ਜਿੱਥੇ ਫ਼ਸਲ ਸਮੇ ਸਿਰ ਲਗਾਈ ਗਈ ਹੈ ਉੱਥੇ ਚਿੱਟੀ ਮੱਖੀ ਦਾ ਹਮਲਾ ਆਪਣੀ ਆਰਥਿਕ ਨੁਕਸਾਨੀ ਕਗਾਰ ਤੋ ਹੇਠਾਂ ਹੈ।ਭੂਰੀ ਜੂੰ ਅਤੇ ਹਰੇ ਤੇਲੇ ਦਾ ਹਮਲਾ ਘੱਟ ਤੋ ਦਰਮਿਆਨੀ ਅਵੱਸਥਾ ਤੱਕ ਹੈ।ਇਸ ਇਲਾਕੇ ਵਿੱਚ ਨਿੰਮ ਤੇਲ ਤੋ ਬਣੀਆਂ ਸਪਰੇਆਂ ਦੀ ਸਿਫ਼ਾਰਿਸ ਕੀਤੀ ਗਈ ਹੈ।ਜਿੱਥੇ ਚਿੱਟੀ ਮੱਖੀ ਦੀ ਗਿਣਤੀ ਜ਼ਿਆਦਾ ਹੈ ਉਥੇ 5-10 ਪ੍ਰਤੀ ਏਕੜ ਦੀ ਹਿਸਾਬ ਨਾਲ ਪੀਲੇ ਸਟਿਕੀ ਟਰੈਪ ਲਗਾਏ ਜਾ ਸਕਦੇ ਹਨ।ਸਿਰਸਾ ਦੇ ਕਿਸਾਨ ਵੀਰਾਂ ਨੂੰ ਸੀ.ਆਈ.ਸੀ.ਆਰ.ਆਰ.ਐਸ ਸਿਰਸਾ ਵਿੱਚ ਆ ਕੇ ਚਿੱਟੀ ਮੱਖੀ ਦੇ ਪੰਤਗੇ ਫੜ੍ਹਨ ਵਾਲੀ ਮਸ਼ੀਨ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ ਅਤੇ ਇਹ ਵੀ ਜਾਣਨਾ ਚਾਹੀਦਾ ਹੈ ਕਿ ਇਸ ਨਾਲ ਚਿੱਟੀ ਮੱਖੀ ਦੀ ਰੋਕਥਾਮ ਕਿਵੇ ਕਰਨੀ ਹੈ ।ਅਗੇਤੀ ਅਤੇ ਸਮੇ ਸਿਰ ਲਗਾਈ ਫ਼ਸਲ ਉੱਤੇ ਚਿੱਟੀ ਮੱਖੀ ਦਾ ਨੁਕਸਾਨ ਕਾਫ਼ੀ ਘੱਟ ਹੈ ਅਤੇ ਇਸਦੀ ਗਿਣਤੀ ਘੱਟ ਹੋਣ ਵਿੱਚ ਕੁਝ ਵਕਫ਼ੇ ਤੇ ਪੈ ਰਹੇ ਮੀਂਹ ਅਤੇ ਤਾਪਮਾਨ ਦਾ ਘੱਟ ਹੋਣ ਵੀ ਹਨ। |